## ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ
## (ਦਫਤਰ ਮੁੱਖ / ਪ੍ਰਬੰਧਕੀ,ਅਮਲਾ ਅਗਜ਼ਟੀ-2,ਪਟਿਆਲਾ)

ਵੱਲ

ਉਪ ਮੁੱਖ ਇੰਜੀਨੀਅਰ/ਸੰਚਾਲਨ,
ਹਲਕਾ, ਪੀ.ਐਸ.ਪੀ.ਸੀ.ਐਲ,
ਪਟਿਆਲਾ।

ਮੀਮੋ ਨੰ: 5434 /ਈਐਨਜੀ-ਬੀਈਜੀ/ਜੀ-289 ਵਾ:9

ਮਿਤੀ : 11-9-12

ਵਿਸ਼ਾ: ਪ੍ਰੋਵੀਜ਼ਨਲ ਸ:ਲ:ਮ(87/140 ਦੇ ਸਕੇਲ ਵਿਚ) ਪੱਦ-ਉੱਨਤ ਹੋਏ ਕਰਮਚਾਰੀਆਂ ਨੂੰ ਰੈਗੂਲਰ ਸਕੇਲ ਦੇਣ ਬਾਰੇ।

ਹਵਾਲਾ: ਆਪ ਜੀ ਦਾ ਪੱਤਰ ਨੰ: 12334 ਮਿਤੀ: 26.7.12 ਜੋ ਸਕੱਤਰ, ਵਿੱਤ ਭਾਗ, ਪਟਿਆਲਾ ਜੀ ਨੂੰ ਸੰਬੋਧਿਤ ਹੈ।

ਇਸ ਸਬੰਧ ਵਿਚ ਉਹਨਾਂ ਨੂੰ ਦੱਸਿਆ ਜਾਂਦਾ ਹੈ ਕਿ ਦਫਤਰੀ ਹੁਕਮ ਨੰ: 105 ਮਿਤੀ: 25.2.69 ਵਿਚ ਦਰਜ ਹਦਾਇਤਾਂ ਸਵੈ-ਸਪਸ਼ਟ ਹਨ ਜਿਹਨਾਂ ਅਨੁਸਾਰ ਉਹਨਾਂ ਸਹਾਇਕ ਲਾਈਨਮੈਨ ਕਰਮਚਾਰੀਆਂ ਨੂੰ ਜਿਹੜੇ ਲੋੜੀਂਦੀ ਸੇਵਾ ਭਾਵ ਕਿ ਮੈਟ੍ਰਿਕੁਲੇਟ ਕਾਮੇ 3 ਸਾਲ ਅਤੇ ਨਾਨ ਮੈਟ੍ਰਿਕੁਲੇਟ ਕਾਮੇ 7 ਸਾਲ ਦੀ ਸੇਵਾ ਪੂਰੀ ਨਹੀਂ ਕਰਦੇ ਸਨ ਅਤੇ ਉਹਨਾਂ ਨੂੰ ਇਸ ਵਿਚ ਛੋਟ ਦੇ ਕੇ ਪ੍ਰੋਵੀਜ਼ਨਲ ਤੌਰ ਤੇ 87/140 ਦੇ ਸਕੇਲ ਵਿਚ ਨਿਯੁਕਤ ਕੀਤਾ ਗਿਆ ਸੀ, ਨੂੰ ਰੈਗੂਲਰ ਸਕੇਲ 90/140 ਉਸ ਮਿਤੀ ਤੋਂ ਹੀ ਦੇਣਾ ਬਣਦਾ ਹੈ ਜਿਸ ਮਿਤੀ ਨੂੰ ਉਹ ਸ:ਲ:ਮ ਦੀ ਨਿਯੁਕਤੀ ਲਈ ਲੋੜੀਂਦਾ ਤਜਰਬਾ ਹਾਸਿਲ ਕਰ ਲੈਂਦੇ ਹਨ।
ਇਹ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

ਉਪ ਸਕੱਤਰ/ਅਮਲਾ-2,
ਪੰ.ਰਾ.ਪਾ.ਕਾ.ਲਿਮ.,ਪਟਿਆਲਾ।

ਪਿੱਠ ਅੰਕਣ ਨੰ: 5435/6015 ਮਿਤੀ: 11-9-12

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1) ਮੁੱਖ ਲੇਖਾ ਅਫਸਰ, ਪੀ.ਐਸ.ਪੀ.ਸੀ.ਐਲ, ਪਟਿਆਲਾ।
2) ਸਾਰੇ ਉਪ ਮੁੱਖ ਇੰਜੀ./ਨਿਗਰਾਨ ਇੰਜੀਨੀਅਰਜ਼ ਅਧੀਨ ਪੀ.ਐਸ.ਪੀ.ਸੀ.ਐਲ/ਪੀ.ਐਸ.ਟੀ.ਸੀ.ਐਲ।
3) ਸਾਰੇ ਵਧੀਕ ਨਿਗਰਾਨ ਇੰਜੀ./ਸੀਨੀਅਰ ਕਾਰਜਕਾਰੀ ਇੰਜੀਨੀਅਰਜ਼।

ਉਪ ਸਕੱਤਰ/ਅਮਲਾ-2,
ਪੰ.ਰਾ.ਪਾ.ਕਾ.ਲਿਮ.,ਪਟਿਆਲਾ।

6016
ਸੀ:ਸੀ:
11-9-12

ਨਿਗਰਾਨ ਇੰਜੀਨੀਅਰ/ਆਂਈ.ਟੀ., ਪਟਿਆਲਾ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਉਪਰੋਕਤ ਪੱਤਰ ਵੈਬ ਸਾਈਟ ਤੇ ਪਾਇਆ ਜਾਵੇ ਜੀ ।